## 7

# ਖ਼ੁਦਾ ਦੀ ਇਮਾਰਤ

*''ਜਿਹ ਦੇ ਵਿਚ ਸਾਰੀ ਇਮਾਰਤ ਇਕ ਸੰਗ ਜੁੜ ਕੇ ਪ੍ਰਭੂ ਵਿਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ। ਜਿਸ ਵਿਚ ਤੁਸੀਂ ਵੀ ਆਤਮਾ ਵਿਚ ਪਰਮੇਸ਼ੁਰ ਦਾ ਭਵਨ ਹੋਣ ਲਈ ਇਕ ਸੰਗ ਬਣਾਏ ਜਾਂਦੇ ਹੋ'' (ਅਫ਼ਸੀਆਂ 2:21, 22)।*

ਪੁਰਾਣੇ ਨੇਮ ਦੇ ਜ਼ਮਾਨੇ ਦੀ ਸਭ ਤੋਂ ਵੱਡੀ ਇਮਾਰਤ ਸੁਲੇਮਾਨ ਵੱਲੋਂ ਬਣਾਈ ਗਈ ਯਹੋਵਾਹ ਦੀ ਹੈਕਲ ਹੀ ਹੋਵੇਗੀ। ਸਭ ਤੋਂ ਪਹਿਲਾਂ ''ਯਹੋਵਾਹ ਦਾ ਭਵਨ'' ਬਣਾਉਣ ਦੀ ਇੱਛਾ ਦਾਊਦ ਵੱਲੋਂ ਹੀ ਪਰਗਟ ਕੀਤੀ ਗਈ ਸੀ, ਪਰ ਖ਼ੁਦਾ ਨੇ ਨਾਥਾਨ ਨਬੀ ਦੇ ਰਾਹੀਂ ਦਾਊਦ ਨੂੰ ਦੱਸਿਆ ਸੀ ਕਿ ਇਹ ਸੁਭਾਗ ਸੁਲੇਮਾਨ ਨੂੰ ਹਾਸਲ ਹੋਵੇਗਾ ਕਿਉਂਕਿ ਦਾਊਦ ਜ਼ਿੰਦਗੀ ਭਰ ਖੂਨ ਖਰਾਬਾ ਕਰਦਾ ਰਿਹਾ ਸੀ (2 ਸਮੂਏਲ 7:5; 1 ਇਤਿਹਾਸ 28:3)। ਫਿਰ ਵੀ ਦਾਊਦ ਨੂੰ ਆਪਣੀ ਮੌਤ ਤੋਂ ਪਹਿਲਾਂ ਹੈਕਲ ਨੂੰ ਬਣਾਉਣ ਦਾ ਸਮਾਨ ਇਕੱਠਾ ਕਰਨ ਦੀ ਇਜਾਜ਼ਤ ਮਿਲ ਗਈ ਸੀ।

ਸੁਲੇਮਾਨ ਦੀ ਅਗਵਾਈ ਵਿਚ ਹੈਕਲ ਦਾ ਨਿਰਮਾਣ ਸਭ ਤੋਂ ਵਧੀਆ ਅਤੇ ਕੀਮਤੀ ਸਮਾਨ ਬੜੀ ਹੀ ਹੁਸ਼ਿਆਰੀ ਅਤੇ ਨਿਪੁਨਤਾ ਨਾਲ ਹੋਇਆ ਸੀ। ਇਸਨੂੰ ਬਣਾਇਆ ਤਾਂ ਪੱਥਰਾਂ ਨਾਲ ਸੀ, ਪਰ ਸਜਾਇਆ ਦਿਓਦਾਰ ਅਤੇ ਸੋਨੇ ਨਾਲ ਗਿਆ ਸੀ। ਇਸਦਾ ਅਕਾਰ ਵੇਦੀ ਨਾਲੋਂ ਦੁਗਣਾ ਸੀ (1 ਰਾਜਿਆਂ 5:1-9:9; 2 ਇਤਿਹਾਸ 2-7) ਅਤੇ ਇਸ ਨੂੰ ਪੂਰਾ ਕਰਨ ਵਿਚ ਸਾਢੇ ਸੱਤ ਸਾਲ ਲੱਗੇ ਸਨ। ਮੌਰੀਆਹ ਪਹਾੜ ਤੇ ਇਹ ਹੈਕਲ ਸ਼ਾਇਦ ਉਸ ਥਾਂ ਦੇ ਨੇੜੇ ਬਣਾਈ ਗਈ ਸੀ ਜਿੱਥੇ ਅਬਰਾਹਾਮ ਇਸਹਾਕ ਨੂੰ ਕੁਰਬਾਨ ਕਰਨ ਲਈ ਲਿਆਇਆ ਸੀ।

ਹੈਕਲ ਨੂੰ ਬਣਾਉਣ ਲਈ ਦਸ ਹਜ਼ਾਰ[1] ਇਸਰਾਏਲੀਆਂ ਨੂੰ ਬੇਗਾਰ ਤੇ ਲਾਇਆ ਗਿਆ ਸੀ (1 ਰਾਜਿਆਂ 5:13, 14) ਅਤੇ ਇਕ ਲੱਖ ਪੰਜਾਹ ਹਜ਼ਾਰ ਗ਼ੈਰ ਇਸਰਾਏਲੀਆਂ ਨੂੰ ਮਜ਼ਦੂਰੀ ਤੇ ਲਾਇਆ ਗਿਆ ਸੀ (1 ਰਾਜਿਆਂ 5:15; 2 ਇਤਿਹਾਸ 8:7, 11)। ਗ਼ੈਰ ਇਸਰਾਏਲੀ ਉਹ ਲੋਕ ਸਨ ਜਿਨ੍ਹਾ ਨੂੰ ਜੰਗ ਵਿੱਚੋਂ ਜਿੱਤ ਕੇ ਲਿਆਂਦਾ ਗਿਆ ਸੀ, ਕਰਜ਼ੇ ਵਿਚ ਵੇਚੇ ਗਏ ਸੀ ਜਾਂ ਘਰ ਜਨਮੇ ਗ਼ੁਲਾਮ ਸੀ। ਉਨ੍ਹਾ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ, ਜਿਨ੍ਹਾਂ ਵਿੱਚੋਂ ਸੱਤਰ ਹਜ਼ਾਰ ਭਾਰ ਢੋਣ ਵਾਲੇ ਅਤੇ ਅੱਸੀ ਹਜ਼ਾਰ ਪੱਥਰ ਚੁੱਕਣ ਵਾਲੇ ਜਾਂ ਦਰੱਖ਼ਤ ਪੁੱਟਣ ਵਾਲੇ ਲੋਕ ਸਨ। ਇਨ੍ਹਾਂ ਸਾਰਿਆਂ ਮਜ਼ਦੂਰਾਂ ਦੇ ਮੁਖੀਆਂ ਦੀ ਗਿਣਤੀ 3,850 ਸੀ।[2] ਦੂਜੇ ਸ਼ਬਦਾਂ ਵਿਚ ਹੈਕਲ ਨੂੰ ਬਣਾਉਣ ਲਈ 163,850 ਲੋਕਾਂ ਨੇ ਲਗਾਤਾਰ ਕੰਮ ਕੀਤਾ ਸੀ। ਮਜ਼ਦੂਰਾਂ ਤੇ ਮੁਖੀਆਂ ਦੀ ਐਨੀ ਵੱਡੀ ਗਿਣਤੀ ਤੋਂ ਪਤਾ ਲਗਦਾ ਹੈ ਕਿ ਇਹ ਨਿਰਮਾਣ ਕਿੰਨਾ ਵੱਡਾ ਸੀ।

ਹੈਕਲ ਦੀ ਮਖ਼ਸੂਸੀਅਤ ਸੁਲੇਮਾਨ ਦੀ ਦੁਆ (2 ਇਤਿਹਾਸ 6:3-42) ਬਾਈਬਲ ਦੀਆਂ ਬੇਹਤਰੀਨ ਦੁਆਵਾਂ ਵਿੱਚੋਂ ਇਕ ਹੈ। ਦੁਆ ਦੇ ਅਖ਼ੀਰ ਵਿਚ, ਉਸਨੇ ਯਹੋਵਾਹ ਦੇ ਸਾਹਮਣੇ 22,000 ਬਲਦਾਂ ਅਤੇ 120,000 ਭੇਡਾਂ ਦੀ ਕੁਰਬਾਨੀ ਦਿੱਤੀ (1 ਰਾਜਿਆਂ 8:62, 63 ਅਤੇ 2 ਇਤਿਹਾਸ 7:4, 5)। ਇਤਿਹਾਸ ਲਿਖਣ ਵਾਲੇ ਨੇ ਲਿਖਿਆ ਹੈ, ''ਜਦ ਸੁਲੇਮਾਨ ਪ੍ਰਾਰਥਨਾ ਕਰ ਚੁੱਕਿਆ ਤਾਂ ਅਕਾਸ਼ ਉੱਤੋਂ ਅੱਗ ਉੱਤਰੀ ਅਤੇ ਹੋਮ ਦੀ ਭੇਟ ਤੇ ਬਲੀਆਂ ਨੂੰ ਭੱਖ ਲਿਆ ਅਤੇ ਉਹ ਭਵਨ ਯਹੋਵਾਹ

ਦੇ ਪ੍ਰਤਾਪ ਨਾਲ ਭਰ ਗਿਆ। ਤਾਂ ਯਾਜਕ ਯਹੋਵਾਹ ਦੇ ਭਵਨ ਦੇ ਅੰਦਰ ਨਾ ਜਾ ਸਕੇ ਕਿਉਂ ਜੋ ਯਹੋਵਾਹ ਦਾ ਭਵਨ ਯਹੋਵਾਹ ਦੇ ਪ੍ਰਤਾਪ ਨਾਲ ਭਰ ਗਿਆ ਸੀ'' (2 ਇਤਿਹਾਸ 7:1, 2)।

586ਈ. ਪੂ. ਵਿਚ ਨਬੂਕਦਨੱਸਰ ਵੱਲੋਂ ਹੈਕਲ ਨੂੰ ਬਰਬਾਦ ਕੀਤੇ ਜਾਣ ਤੋਂ ਪਹਿਲਾਂ ਇਹ ਇਸਰਾਏਲ ਕੌਮ ਲਈ ਸ਼ਾਨਦਾਰ ਭਵਨ ਸੀ।

ਲੱਗ ਸਕਦਾ ਹੈ ਕਿ ਪੁਰਾਣੇ ਨੇਮ ਦੀ ਇਹ ਹੈਕਲ ਖ਼ੁਦਾ ਲਈ ਬਣਾਈ ਗਈ ਸਭ ਤੋਂ ਵਿਸ਼ਾਲ ਇਮਾਰਤ ਹੋਵੇਗੀ ਪਰ ਅਜਿਹਾ ਨਹੀਂ ਹੈ। ਖ਼ੁਦਾ ਲਈ ਇਸ ਤੋਂ ਵੀ ਵਿਸ਼ਾਲ ਇਮਾਰਤ ਯਿਸੂ ਨੇ ਬਣਾਈ ਸੀ। ਨਵੇਂ ਨੇਮ ਦੇ ਲੇਖਕਾਂ ਨੇ ਇਸ ਨੂੰ ''ਕਲੀਸੀਆ'' ਕਿਹਾ ਹੈ, ਅਤੇ ਇਹ ਦੁਨੀਆ ਦੇ ਇਤਿਹਾਸ ਵਿਚ ਖ਼ੁਦਾ ਲਈ ਬਣਾਇਆ ਗਿਆ ਉਹ ਸਭ ਤੋਂ ਨਿਰਾਲਾ ਅਤੇ ਜਲਾਲੀ ਭਵਨ ਹੈ।

ਅਫ਼ਸੀਆਂ 2 ਅਧਿਆਇ ਵਿਚ ਪੌਲੁਸ ਨੇ ਮਸੀਹ ਦੇ ਬਾਹਰ ਅਤੇ ਮਸੀਹੀ ਹੋਣ ਦੀ ਪੂਰੇ ਨਵੇਂ ਨੇਮ ਦੀਆਂ ਸਭ ਤੋਂ ਵੱਧ ਸਪੱਸ਼ਟ ਤੁਲਨਾਵਾਂ ਵਿੱਚੋਂ ਇਕ ਤੁਲਨਾ ਇਹ ਵੀ ਕੀਤੀ ਹੈ। ਉਸਨੇ ਇਸ ਫ਼ਰਕ ਦੀ ਤਸਵੀਰ ਦੇ ''ਅੱਗੇ ਅਤੇ ਪਿੱਛੇ'' ਦੇ ਰੂਪ ਵਿਚ ਬਿਆਨ ਕੀਤਾ ਹੈ। ਮਿਸਾਲ ਲਈ, ਪੌਲੁਸ ਨੇ ਆਖਿਆ ਕਿ ਮਸੀਹੀ ਬਣਨ ਤੋਂ ਪਹਿਲਾਂ ਇਨਸਾਨ ਮਰਿਆ ਹੁੰਦਾ ਹੈ। ਉਹ ਸੰਸਾਰ ਦੀਆਂ ਖ਼ਾਹਿਸ਼ਾਂ ਦੇ ਅਨੁਸਾਰ, ਸ਼ੈਤਾਨ ਦੀ ਸ਼ਕਤੀ ਨਾਲ ਚੱਲ ਰਿਹਾ ਹੁੰਦਾ ਹੈ ਅਤੇ ਉਸਦਾ ਕਰੋਪ ਦੀ ਸੰਤਾਨ ਵਾਲਾ ਹੁੰਦਾ ਹੈ (ਅਫ਼ਸੀਆਂ 2:1-3)। ਮਸੀਹੀ ਬਣਨ ਦੇ ਬਾਅਦ, ਪੌਲੁਸ ਨੇ ਆਖਿਆ ਉਸਨੂੰ ਮਾਫ਼ ਕਰ ਦਿੱਤਾ ਜਾਂਦਾ ਹੈ। ਹੁਣ ਉਹ ਮਸੀਹ ਵਿਚ ਅਤੇ ਕਿਰਪਾ ਦੇ ਰਾਹੀਂ ਉਸਨੂੰ ਛੁਟਕਾਰਾ ਮਿਲਿਆ ਹੈ (ਅਫ਼ਸੀਆਂ 2:4-10) ਇਸ ਤੁਲਨਾ ਦਾ ਨਿਚੋੜ ਕਰਦੇ ਹੋਏ ਪੌਲੁਸ ਤੇ ਯਹੂਦੀ ਹੋਣ ਜਾਂ ਗ਼ੈਰ ਕੌਮ, ਮਸੀਹ ਵਿਚ ਇਕ ਅਸੀਂ ਸਾਰੇ ਇਕ ਹੋਣ ਦੀ ਗੱਲ ਕੀਤੀ ਹੈ। ਅਜਿਹਾ ਕਰਕੇ ਉਸਨੇ ਕਲੀਸੀਆ ਲਈ ਤਿੰਨ ਰੂਪਕਾਂ ਦੀ, ਇਕ ਨਗਰ (2:19), ਇਕ ਪਰਿਵਾਰ (2:19) ਅਤੇ ਇਕ ਇਮਾਰਤ (2:20, 21) ਵਰਤੋਂ ਕੀਤੀ ਹੈ। ਖ਼ੁਦਾ ਦੀ ਇਮਾਰਤ ਦੇ ਰੂਪ ਵਿਚ ਕਲੀਸੀਆ ਦਾ ਉਸਦਾ ਚਿਤਰਨ ਪਵਿੱਤਰ ਆਤਮਾ ਵੱਲੋਂ ਸਾਨੂੰ ਵਿਖਾਏ ਗਏ ਕਲੀਸੀਆ ਦੇ ਸਭ ਤੋਂ ਸੁੰਦਰ ਚਿੱਤਰਾਂ ਵਿੱਚੋਂ ਇਕ ਹੈ।

> ਸੋ ਹੁਣ ਤੋਂ ਤੁਸੀਂ ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪਰਮੇਸ਼ੁਰ ਦੇ ਘਰਾਣੇ ਦੇ ਹੋ ਅਤੇ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣੇ ਹੋਏ ਹੋ ਜਿਹ ਦੇ ਖੂੰਜੇ ਦਾ ਪੱਥਰ ਆਪ ਮਸੀਹ ਯਿਸੂ ਹੈ। ਜਿਹ ਦੇ ਵਿਚ ਸਾਰੀ ਇਮਾਰਤ ਇਕ ਸੰਗ ਜੁੜ ਕੇ ਪ੍ਰਭੂ ਵਿਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ। ਜਿਸ ਵਿਚ ਤੁਸੀਂ ਵੀ ਆਤਮਾ ਵਿਚ ਪਰਮੇਸ਼ੁਰ ਦਾ ਭਵਨ ਹੋਣ ਲਈ ਇਕ ਸੰਗ ਬਣਾਏ ਜਾਂਦੇ ਹੋ (ਅਫ਼ਸੀਆਂ 2:19-22)।

ਪਵਿੱਤਰ ਆਤਮਾ ਨੇ ਸਜੀਵ, ਪ੍ਰਤੀਕਾਤਮਕ ਭਾਸ਼ਾ ਵਿਚ ਕਲੀਸੀਆ ਨੂੰ ਖ਼ੁਦਾ ਦੀ ਰਚਨਾ ਅਰਥਾਤ ਭਵਨ ਆਖਿਆ ਹੈ। ਇਸ ਰੂਪਕ ਵਿੱਚੋਂ ਕਲੀਸੀਆ ਨੂੰ ਵੇਖਣ ਨਾਲ ਸਾਨੂੰ ਇਸ ਦਾ ਵਿਲੱਖਣ ਸੁਭਾਉ ਯਾਦ ਕਰਵਾਇਆ ਜਾਂਦਾ ਹੈ।

## ''ਮਨੁੱਖੀ'' ਇਮਾਰਤ

ਪੁਰਾਣੇ ਨੇਮ ਦੀ ਹੈਕਲ ਦੇ ਭਵਨ ਦੇ ਉਲਟ ਕਲੀਸੀਆ ਭਾਵ ਖ਼ੁਦਾ ਦੇ ਨਵੇਂ ਨੇਮ ਦਾ ਭਵਨ ਲੋਕਾਂ ਨਾਲ ਬਣਦਾ ਹੈ। ਇਸ ਭਵਨ ਨੂੰ ਬਣਾਉਣ ਲਈ ਹਰ ਮਸੀਹੀ ਸਮਾਨ ਲਿਆਉਂਦਾ ਹੈ।

ਪੌਲੁਸ ਨੇ ਆਖਿਆ ਕਿ ਜੋ ਬਾਹਰੀ ਕੌਮਾਂ ਦੇ ਲੋਕ ਮਸੀਹੀ ਬਣਾਏ ਗਏ ਸੀ ਉਹ ਪਰਦੇਸੀ ਜਾਂ ਮੁਸਾਫ਼ਿਰ ਨਹੀਂ ਰਹੇ, ਸਗੋਂ ਉਹ ਪਵਿੱਤਰ ਲੋਕਾਂ ਦੇ ਸੰਗੀ ਸੁਦੇਸ਼ੀ ਅਤੇ ਖ਼ੁਦਾ ਦੇ ਘਰਾਣੇ ਦੇ ਲੋਕ ਬਣ ਗਏ ਸੀ ਜਿਨ੍ਹਾਂ ਨੂੰ ਰਸੂਲਾਂ ਤੇ ਨਬੀਆਂ ਦੀ ਨੀਂਹ ਉਤੇ ਬਣਾਇਆ ਗਿਆ ਸੀ। ਜਿਸਦੇ ਖੂੰਜੇ ਦਾ

ਪੱਥਰ ਮਸੀਹ ਯਿਸੂ ਆਪ ਹੈ। ਉਸਨੇ ਆਖਿਆ ਕਿ ਲੋਕ ਯਹੂਦੀਆਂ ਤੋਂ ਮਸੀਹੀ ਬਣੇ ਹੋਣ ਜਾਂ ਗ਼ੈਰ ਕੌਮਾਂ ਤੋਂ, ਮਿਲਕੇ ਖ਼ੁਦਾ ਦੀ ਰਚਨਾ ਅਰਥਾਤ ਭਵਨ ਬਣ ਜਾਂਦੇ ਹਨ। ਪਤਰਸ ਨੇ 1 ਪਤਰਸ 2:5 ਵਿਚ ਅਜਿਹੀ ਹੀ ਇਕਰੂਪਤਾ ਬਣਾਈ, ''ਤੁਸੀਂ ਆਪ ਵੀ ਜੀਉਂਦੇ ਪੱਥਰਾਂ ਦੀ ਨਿਆਈਂ ਹੋ ਕੇ ਆਤਮਿਕ ਘਰ ਉੱਸਰਦੇ ਜਾਓ ਭਈ ਯਾਜਕਾਂ ਦੀ ਪਵਿੱਤਰ ਮੰਡਲੀ ਬਣੋ ਤਾਂ ਜੋ ਤੁਸੀਂ ਓਹ ਆਤਮਕ ਬਲੀਦਾਨ ਚੜ੍ਹਾਓ, ...।''

ਕਲੀਸੀਆ ਇਕ ਭਵਨ ਹੈ ਪਰ ਇਹ ਰੂਹਾਨੀ ਇਮਾਰਤ ਹੈ ਜੋ ਉਨ੍ਹਾਂ ਲੋਕਾਂ ਨਾਲ ਮਿਲਕੇ ਬਣਦੀ ਹੈ ਜੋ ਮਸੀਹੀ ਬਣ ਗਏ ਹਨ। ਹਰ ਮਸੀਹੀ ਇਸ ਭਵਨ ਦਾ ਇਕ ਰੂਹਾਨੀ ਪੱਥਰ ਹੈ। ਜੀਉਂਦੇ ਪੱਥਰਾਂ ਦੇ ਰੂਪ ਵਿਚ ਸਾਰੇ ਮਸੀਹੀਆਂ ਨੂੰ ਇਕ ਅਣਡਿੱਠੀ ਤਾਕਤਵਰ ਅਤੇ ਰੂਹਾਨੀ ਜ਼ਿੰਦਗੀ ਵਿਚ ਜੋੜਿਆ ਜਾਂਦਾ ਹੈ। ਜਿਸਦੀ ਸੂਰਤ ਇਕ ਇਮਾਰਤ ਵਰਗੀ ਹੈ।

ਪੌਲੁਸ ਵੱਲੋਂ ਵਿਖਾਈ ਗਈ ਤਸਵੀਰ ਨਿੱਕੀਆਂ-ਨਿੱਕੀਆਂ ਸੈਂਕੜੇ ਜਮਾਤਾਂ ਨੂੰ ਇਕੱਠਾ ਕਰਕੇ ਬਹੁਤ ਵੱਡੀ ਇਮਾਰਤ ਬਣਾਉਣ ਦੀ ਨਹੀਂ ਹੈ। ਸੰਸਾਰ ਵਿਆਪੀ ਕਲੀਸੀਆ ਦੀ ਸੰਸਾਰ ਦੀਆਂ ਸਾਰੀਆਂ ਡਿਨੋਮੀਨੇਸ਼ਨਾਂ ਨੂੰ ਰਲਾ ਕੇ ਬਣਾਉਣ ਦੇ ਰੂਪ ਨੂੰ ਚਿੱਤਰਤ ਨਹੀਂ ਕਰਦਾ।[3] ਸਗੋਂ ਸੰਸਾਰ ਵਿਆਪੀ ਕਲੀਸੀਆ ਪੂਰੀ ਦੁਨੀਆਂ ਦੇ ਨਿੱਜੀ ਮਸੀਹੀਆਂ ਨਾਲ ਮਿਲ ਕੇ ਬਣਦੀ ਹੈ, ਜੋ ਇਸ ਰੂਹਾਨੀ ਭਵਨ ਭਾਵ ਕਲੀਸੀਆ ਵਿਚ ਜੀਉਂਦੇ ਪੱਥਰਾਂ ਦਾ ਕੰਮ ਕਰਦੇ ਹਨ।

ਸਾਨੂੰ ਕਲੀਸੀਆ ਲਈ ਅੰਗ੍ਰੇਜ਼ੀ ਸ਼ਬਦ ਚਰਚ ਨੂੰ ਇੱਟਾਂ ਪੱਥਰਾਂ ਨਾਲ ਬਣੀ ਇਮਾਰਤ ਭਾਵ ਗਿਰਜੇ ਜਾਂ ਥਾਂ ਨਾਲ ਕਦੀ ਨਹੀਂ ਉਲਝਾਉਣਾ ਚਾਹੀਦਾ। ਨਵੇਂ ਨੇਮ ਵਿਚ ਕਲੀਸੀਆ ਲਈ ਵਰਤੇ ਜਾਣ ਵਾਲੇ ਸ਼ਬਦ ਚਰਚ ਦਾ ਅਰਥ ਕਿਤੇ ਵੀ ਇੱਟਾਂ ਪੱਥਰਾਂ ਨਾਲ ਬਣੇ ਭਵਨ ਲਈ ਨਹੀਂ ਕੀਤਾ ਗਿਆ। ਮਸੀਹੀ ਲੋਕਾਂ ਨੂੰ ਬੰਦਗੀ ਲਈ ਇਕੱਠਾ ਹੁੰਦੇ ਰਹਿਣ ਦਾ ਹੁਕਮ ਹੈ (ਇਬਰਾਨੀਆਂ 10:25) ਅਤੇ ਇਸ ਹੁਕਮ ਦਾ ਮਤਲਬ ਇਕੱਠਾ ਹੋਣ ਲਈ ਇਕ ਥਾਂ ਹੋਵੇਗਾ, ਪਰ ਜ਼ਾਹਿਰ ਤੌਰ ਤੇ ਇਹ ਥਾਂ ਹੋਰ ਗੱਲਾਂ ਦੇ ਨਾਲ ਕਿਸੇ ਦਾ ਘਰ, ਖੁੱਲ੍ਹਾ ਥਾਂ, ਜਾਂ ਇਕੱਠਾ ਹੋਣ ਲਈ ਖ਼ਾਸ ਰੂਪ ਨਾਲ ਬਣਾਇਆ ਕੋਈ ਭਵਨ ਹੋ ਸਕਦਾ ਹੈ। ਨਵੇਂ ਨੇਮ ਵਿਚ ਬੰਦਗੀ ਦੇ ਥਾਂ ਵਾਸਤੇ ਕੋਈ ਸਪੱਸ਼ਟ ਨਿਰਦੇਸ਼ ਨਹੀਂ ਦਿੱਤੇ ਗਏ ਹਨ। ਇਹ ਹਰ ਥਾਂ ਤੇ ਰਹਿਣ ਵਾਲੇ ਮਸੀਹੀ ਲੋਕਾਂ ਦੀ ਸਮਝ ਤੇ ਮਰਜ਼ੀ ਤੇ ਛੱਡ ਦਿੱਤਾ ਗਿਆ ਹੈ। ਉਹ ਚਾਹੁਣ ਤਾਂ ਲਗਾਤਾਰ ਬੰਦਗੀ ਲਈ ਇੱਕਠਾ ਹੋਣ ਵਾਸਤੇ ਕੋਈ ਭਵਨ ਬਣਾ ਸਕਦੇ ਹਨ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਲੀਸੀਆ ਯਾਨੀ ਚਰਚ ਜੋ ਕਿ ਖ਼ੁਦਾ ਦਾ ਭਵਨ ਹੈ, ਸਥਾਨਿਕ ਮਸੀਹੀਆਂ ਨੂੰ ਆਖਿਆ ਗਿਆ ਹੈ, ਬੰਦਗੀ ਕਰਨ ਦੇ ਥਾਂ ਨੂੰ ਨਹੀਂ।

ਪੌਲੁਸ ਅਨੁਸਾਰ ਮਸੀਹੀ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਖ਼ੁਦਾ ਦੇ ਭਵਨ ਦੇ ਰੂਪ ਵਿਚ ਵੇਖਣ ਅਤੇ ਹਰ ਇਕ ਮਸੀਹੀ ਆਪਣੇ ਆਪ ਨੂੰ ਉਸ ਭਵਨ ਦੇ ਇਕ ਬੇਹੱਦ ਜ਼ਰੂਰੀ ਹਿੱਸੇ ਦੇ ਰੂਪ ਵਿਚ ਵੇਖੇ। ਜਦ ਇਕ ਮਸੀਹੀ ਗਲੀ ਵਿੱਚੋਂ ਦੀ ਗੁਜ਼ਰਦਾ ਹੈ, ਤਾਂ ਵੇਖਣ ਵਾਲਾ ਕਹਿ ਸਕਦਾ ਹੈ, ''ਖ਼ੁਦਾ ਦੇ ਭਵਨ ਯਾਨੀ ਕਲੀਸੀਆ ਦਾ ਇਕ ਜੀਉਂਦਾ ਪੱਥਰ ਜਾ ਰਿਹਾ ਹੈ।''

ਸੰਸਾਰ ਖ਼ੁਦਾ ਦੀ ਕਲੀਸੀਆ ਨੂੰ ਭਾਵ ਮਸੀਹੀ ਲੋਕਾਂ ਨੂੰ ਵੇਖਕੇ ਪਛਾਣੇ, ਨਾ ਕਿ ਉਸ ਭਵਨ ਨੂੰ ਜਾਂ ਥਾਂ ਨੂੰ ਵੇਖ ਕੇ ਜਿੱਥੇ ਮਸੀਹੀ ਲੋਕ ਦੁਆ ਕਰਦੇ ਹਨ। ਆਓ ਇਹ ਪੱਕਾ ਕਰੀਏ ਕਿ ਅਸੀਂ ਖ਼ੁਦਾ ਦੇ ਭਵਨ ਭਾਵ ਉਹਦੀ ਰਚਨਾ ਦੇ ਰੂਪ ਵਿਚ ਰਹੀਏ; ਕਿ ਅਸੀਂ ਮਸੀਹ ਦੀ ਕਲੀਸੀਆ ਵਿਚ ਆਪਣੇ ਥਾਂ ਦੇ ਅਨੁਸਾਰ ਜ਼ਿੰਦਗੀ ਗੁਜ਼ਾਰੀਏ।

## ''ਜ਼ਿੰਦਾ'' ਇਮਾਰਤ

ਇਹ ਤੱਥ ਕਿ ਕਲੀਸੀਆ ਮਨੁੱਖਾਂ ਨਾਲ ਬਣਿਆ ਭਵਨ ਹੈ ਸਪੱਸ਼ਟ ਕਰਦਾ ਹੈ ਕਿ ਕਲੀਸੀਆ

ਇਕ ''ਜੀਉਂਦਾ'' ਭਵਨ ਵੀ ਹੈ। ਪੁਰਾਣੇ ਨੇਮ ਦੀ ਸੁਲੇਮਾਨ ਦੀ ਹੈਕਲ, ਦਿਉਦਾਰ, ਸੋਨੇ, ਚਾਂਦੀ ਅਤੇ ਹਾਥੀ ਦੰਦ ਵਰਗੀਆਂ ਕੀਮਤੀ ਚੀਜ਼ਾਂ ਨਾਲ ਬਣੀ ਸੀ, ਪਰ ਅੱਜ ਖ਼ੁਦਾ ਦਾ ਭਵਨ ਜੀਉਂਦੇ ਪੱਥਰਾਂ ਨਾਲ ਬਣਦਾ ਹੈ।

ਪੌਲੁਸ ਨੇ ਕਲੀਸੀਆ ਨੂੰ ਕਦੀ ਵੀ ਇਕ ਸੰਸਥਾਨ ਨਹੀਂ ਕਿਹਾ। ਮਿਸਾਲ ਦੇ ਤੌਰ ਤੇ, ਜਿਸ ਆਇਤ ਤੇ ਅਸੀਂ ਧਿਆਨ ਦੇ ਰਹੇ ਹਾਂ ਉਸ ਵਿਚ ਉਸਦੇ ਕਹਿਣ ਦਾ ਭਾਵ ਸੀ ਕਿ ਕਲੀਸੀਆ ਇਕ ਜਾਨਦਾਰ ਭਾਵ ਇਕ ਰੂਹਾਨੀ ਭਵਨ ਹੈ, ਜੋ ਮਸੀਹੀ ਲੋਕਾਂ ਨਾਲ ਬਣਦਾ ਹੈ ਜੋ ਜ਼ਿੰਦਾ ਹਨ ਅਤੇ ਵਧ ਰਹੇ ਹਨ, ਜੋ ਕਿ ਇਕ ਅਜਿਹਾ ਰੋਮਾਂਚਕਾਰੀ ਵਜੂਦ ਹੈ, ਜੋ ਆਮ ਦਿਲਚਸਪੀ ਰੱਖਣ ਵਾਲੇ ਲੋਕਾਂ ਨੂੰ ਇਕੱਠਾ ਕਰਕੇ ਨਹੀਂ ਬਣਾਇਆ ਗਿਆ।

ਕਿਸ ਇਮਾਰਤ ਬਾਰੇ ਪੌਲੁਸ ਨੇ ਲਿਖਿਆ ਸੀ ਕਿ ਉਹਦਾ ਉੱਪਰਲਾ ਹਿੱਸਾ ਨਹੀਂ ਹੈ। ਇਸ ਦੀਆਂ ਕੰਧਾਂ ਅਤੇ ਨੀਂਹ ਤਾਂ ਹੈ ਪਰ ਛੱਤ ਨਹੀਂ ਹੈ। ਮਸੀਹੀ ਲੋਕ ਕੰਧਾਂ ਬਣਦੇ ਹਨ, ਨੀਂਹ ਰਸੂਲ ਅਤੇ ਨਬੀ ਹਨ, ਯਿਸੂ ਇਸਦੇ ਖੂੰਜੇ ਦਾ ਪੱਥਰ ਹੈ। ਖੂੰਜੇ ਦੇ ਪੱਥਰ ਦੇ ਰੂਪ ਵਿਚ ਮਸੀਹ, ਪੂਰੇ ਭਵਨ ਨੂੰ ਜੋੜਕੇ ਰੱਖਦਾ ਹੈ। ਪ੍ਰਭੂ ਵਿਚ ਮਸੀਹੀ ਬਣਨ ਵਾਲੇ ਲੋਕਾਂ ਨੂੰ ਇਸ ਇਮਾਰਤ ਦੀਆਂ ਕੰਧਾਂ ਵਿਚ ਲਾ ਦਿੱਤਾ ਜਾਂਦਾ ਹੈ ਅਤੇ ਕਿਉਂਕਿ ਇਹ ਸੱਚ ਹੈ, ਇਸ ਲਈ ਇਹ ਇਮਾਰਤ ਨਵੇਂ ਮਸੀਹੀਆਂ ਦੇ ਜਨਮ ਲੈਣ ਨਾਲ ਵੱਧਦੀ ਅਤੇ ਉੱਚੀ ਹੁੰਦੀ ਜਾਂਦੀ ਹੈ। ਅਫ਼ਸੀਆਂ 2:21 ਵਿਚ ਵਰਤੇ ਗਏ ਸ਼ਬਦ ਦਾ ਅਨੁਵਾਦ ''ਬਣਦੀ ਜਾਂਦੀ'' ਦੀ ਵਰਤੋਂ ਨਵੇਂ ਨੇਮ ਵਿਚ ਇੱਕੋ ਵਾਰ ਅਤੇ ਸਰੀਰ ਦੇ ਹਰ ਹਿੱਸੇ ਦੇ ਜ਼ਿੰਦਾ ਰਹਿਣ ਨੂੰ ਦੱਸਣ ਲਈ ਅਫ਼ਸੀਆਂ 4:16 ਵਿਚ ਕੀਤੀ ਗਈ ਹੈ ਜਿਸ ਨਾਲ ਸਾਰੀ ਦੇਹ ਵਿਕਾਸ ਕਰਦੀ ਹੈ।

ਲੂਕਾ ਨੇ ਰਸੂਲਾਂ ਦੇ ਕੰਮ 2 ਅਧਿਆਇ ਵਿਚ ਕਲੀਸੀਆ ਬਾਰੇ ਲਿਖਿਆ: ''ਸੋ ਜਿਨ੍ਹਾਂ ਉਹ ਦੀ ਗੱਲ ਮੰਨ ਲਈ ਉਨ੍ਹਾਂ ਨੇ ਬਪਤਿਸਮਾ ਲਿਆ ਅਤੇ ਉਸੇ ਦਿਨ ਤਿੰਨ ਕੁ ਹਜ਼ਾਰ ਜਣੇ ਉਨ੍ਹਾਂ ਵਿਚ ਰਲ ਗਏ'' (ਆਇਤ 41)। ਦੋ ਅਧਿਆਇਆਂ ਦੇ ਬਾਅਦ ਉਸਨੇ ਆਖਿਆ, ''ਪਰ ਉਨ੍ਹਾਂ ਵਿੱਚੋਂ ਜਿਨ੍ਹਾਂ ਵਚਨ ਸੁਣਿਆ ਸੀ ਬਹੁਤਿਆਂ ਨੇ ਨਿਹਚਾ ਕੀਤੀ ਅਤੇ ਉਨ੍ਹਾਂ ਮਨੁੱਖਾਂ ਦੀ ਗਿਣਤੀ ਪੰਜ ਕੁ ਹਜ਼ਾਰ ਹੋ ਗਈ'' (ਰਸੂਲਾਂ ਦੇ ਕੰਮ 4:4)। ਥੋੜ੍ਹੇ ਸਮੇਂ ਵਿਚ ਹੀ ਖ਼ੁਦਾ ਦੇ ਭਵਨ ਵਿਚ ਤਿੰਨ ਹਜ਼ਾਰ ਜ਼ਿੰਦਾ ਪੱਥਰਾਂ ਤੋਂ ਵਧ ਕੇ ਪੰਜ ਹਜ਼ਾਰ ਹੋ ਗਏ। ਉਦੋਂ ਤੋਂ ਲੈ ਕੇ, ਖ਼ੁਦਾ ਦੀ ਰਚਨਾ ਵੱਧਦੀ ਹੀ ਜਾਂਦੀ ਹੈ। ਜਿੰਨੀ ਇਹ ਪਿਛਲੇ ਸਾਲ ਸੀ ਹੁਣ ਉਸਤੋਂ ਉੱਚੀ ਹੋ ਗਈ ਹੈ। ਯਿਸੂ ਦੇ ਮੁੜ ਆਉਣ ਤਕ ਇਹ ਐਸੇ ਤਰ੍ਹਾਂ ਵੱਧਦੀ ਰਹੇਗੀ।

ਪਤਰਸ ਨੇ ਮਸੀਹੀ ਲੋਕਾਂ ਨੂੰ ''ਜੀਉਂਦੇ ਪੱਥਰ'' (1 ਪਤਰਸ 2:5), ਅਤੇ ਪੌਲੁਸ ਨੇ ''ਜੀਉਂਦਾ ਬਲੀਦਾਨ'' (ਰੋਮੀਆਂ 12:1) ਆਖਿਆ 1 ਯਕੀਨਨ ਖ਼ੁਦਾ ਇਸ ਰਚਨਾ ਨਾਲ ਸਬੰਧ ਰੱਖਣ ਵਾਲਾ ਸਭ ਕੁਝ ਜੀਉਂਦਾ ਹੀ ਹੈ। ਪਵਿੱਤਰ ਸ਼ਾਸਤਰ ਵਿਚ ਖ਼ੁਦਾ ਬਾਪ ਨੂੰ ''ਜੀਉਂਦਾ ਖ਼ੁਦਾ'' (1 ਥੱਸਲੁਨੀਕੀਆਂ 1:9) ਆਖਿਆ ਗਿਆ ਹੈ। ਬਾਈਬਲ ਖ਼ੁਦਾ ਦਾ ''ਜੀਉਂਦਾ ਅਤੇ ਪਰਬਲ'' (ਇਬਰਾਨੀਆਂ 4:12) ਵਚਨ ਹੈ। ਪਤਰਸ ਅਨੁਸਾਰ ਯਿਸੂ ''ਜੀਉਂਦਾ ਪੱਥਰ'' ਹੈ (1 ਪਤਰਸ 2:4)। ਮਸੀਹੀ ਲੋਕਾਂ ਦੀ ਉਮੀਦ ਅਸਲੀ ਅਤੇ ਪ੍ਰਮਾਣ ਸਹਿਤ ਹੈ, ਨਤੀਜੇ ਵੱਜੋਂ ਇਹ ''ਜੀਉਂਦੀ ਉਮੀਦ'' (1 ਪਤਰਸ 1:3) ਹੈ। ਇਹ ਰਸਤਾ ਜਿਸ ਤੇ ਮਸੀਹੀ ਲੋਕ ਮਸੀਹ ਦਾ ਹੁਕਮ ਮੰਨ ਕੇ ਚੱਲਦੇ ਹਨ ''ਨਵਾਂ ਅਤੇ ਜ਼ਿੰਦਾ ਰਾਹ'' (ਇਬਰਾਨੀਆਂ 10:20) ਅਖਵਾਉਂਦਾ ਹੈ। ਅਨਾਦੀ ਮਸੀਹ ਦੇ ਰੂਪ ਵਿਚ ਯਿਸੂ ਸਾਡਾ ਵਿਚੋਲਾ ਹੈ, ਜੋ ਸੁਰਗ ਵਿਚ ਸਾਡੇ ਲਈ ਸਿਫ਼ਾਰਸ਼ ਕਰਨ ਲਈ ''ਸਦਾ ਜੀਉਂਦਾ'' ਹੈ (ਇਬਰਾਨੀਆਂ 7:25)। ਸਾਡੇ ਨਾਲ ਵਾਅਦਾ ਕੀਤਾ ਗਿਆ ਹੈ ਕਿ ਮੌਤ ਵੀ ਮਸੀਹ ਵਿਚ ਸਾਡੀ ਜ਼ਿੰਦਗੀ ਨੂੰ ਨਹੀਂ ਖੋਹ ਸਕਦੀ, ਕਿਉਂਕਿ ਜੇ ਅਸੀਂ ਉਸਤੇ ਈਮਾਨ ਲਿਆਏ ਹਾਂ, ਤਾਂ ਮਰਕੇ ਵੀ ਉਸ ਵਿਚ ਜੀਉਂਦੇ ਰਹਾਂਗੇ (ਯੂਹੰਨਾ 11:26)।

ਮਸੀਹੀ ਕਿਸੇ ਸੰਗਠਨ ਨਾਲ ਜੁੜਿਆ ਨਹੀਂ ਹੈ। ਉਹ ਜ਼ਿੰਦਾ, ਵਧਣ ਵਾਲੇ ਰੂਹਾਨੀ ਘਰ ਵਿਚ ਇਕ ਜੀਉਂਦਾ ਪੱਥਰ ਹੈ। ਅਸੀਂ ਖ਼ੁਦਾ ਦੀ ਰਚਨਾ ਦੇ ਵਾਧੇ ਅਤੇ ਖ਼ੂਬਸੂਰਤੀ ਲਈ ਹਰ ਦਿਨ ਆਪਣਾ ਯੋਗਦਾਨ ਪਾ ਰਹੇ ਹਾਂ। ਸਾਨੂੰ ਦੂਜੇ ਮਸੀਹੀਆਂ ਦੇ ਨਾਲ ਉਸ ਘਰ ਨੂੰ ਬਣਾਉਣ ਲਈ ਇਕੱਠਿਆਂ ਜੋੜਿਆ ਗਿਆ ਹੈ ਜੋ ਕਦੀ ਵਧਣਾ ਬੰਦ ਨਹੀਂ ਹੁੰਦਾ। ਜਦੋਂ ਅਸੀਂ ਕਿਸੇ ਨੂੰ ਮਸੀਹ ਦੇ ਕੋਲ਼ ਲਿਆਉਂਦੇ ਹਾਂ ਤਾਂ ਅਸੀਂ ਖ਼ੁਦਾ ਦੇ ਭਵਨ ਵਿੱਚ ਇਕ ਹੋਰ ਜੀਉਂਦੀ ਇੱਟ ਜੋੜ ਰਹੇ ਹੁੰਦੇ ਹਾਂ। ਇਸਦੇ ਉਲਟ, ਜੇ ਅਸੀਂ ਕਿਸੇ ਤਰ੍ਹਾਂ ਕਿਸੇ ਦੂਸਰੇ ਮਸੀਹੀ ਦਾ ਨਾਸ ਕਰਦੇ ਹਾਂ ਤਾਂ ਅਸੀਂ ਖ਼ੁਦਾ ਦੇ ਭਵਨ ਵਿੱਚੋਂ ਇਕ ਜੀਉਂਦਾ ਪੱਥਰ ਕੱਢ ਰਹੇ ਹੋਵਾਂਗੇ। ਹਰ ਮਸੀਹੀ ਦੂਜੇ ਸਾਰੇ ਮਸੀਹੀਆਂ ਨਾਲ ਜੁੜਿਆ ਹੋਇਆ ਹੈ, ਅਸੀਂ ਕੰਧ ਵਿਚ ਲੱਗੇ ਪੱਥਰਾਂ ਵਾਂਗ ਇਕ ਦੂਜੇ ਨਾਲ ਅਤੇ ਇਕ ਦੂਜੇ ਲਈ ਇਸ ਤਰ੍ਹਾਂ ਜੀਉਂਦੇ ਰਹਿੰਦੇ ਹਾਂ ਕਿ ਆਪਸ ਵਿਚ ਜੁੜੇ ਰਹਿ ਕੇ ਅਸੀਂ ਖ਼ੁਦਾ ਲਈ ਇਕ ਭਵਨ ਬਣਦੇ ਹਾਂ।

## ''ਆਤਮਾ ਦੇ ਵਾਸ'' ਵਾਲੀ ਇਮਾਰਤ

ਮਕਾਨ ਰਹਿਣ ਲਈ ਹੀ ਬਣਾਏ ਜਾਂਦੇ ਹਨ, ਅਤੇ ਖ਼ੁਦਾ ਦਾ ਭਵਨ ਇਸਦਾ ਅਪਵਾਦ ਨਹੀਂ ਹੈ। ਉਸਦੇ ਰੂਹਾਨੀ ਘਰ ਵਿਚ ਉਸਦਾ ਆਤਮਾ ਵਾਸ ਕਰਦਾ ਹੈ।

ਪੌਲੁਸ ਨੇ ਆਖਿਆ ਸੀ, ''ਜਿਹ ਦੇ ਵਿਚ ਸਾਰੀ ਇਮਾਰਤ ਇਕ ਸੰਗ ਜੁੜ ਕੇ ਪ੍ਰਭੂ ਵਿਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ। ਜਿਸ ਵਿਚ ਤੁਸੀਂ ਵੀ ਆਤਮਾ ਵਿਚ ਪਰਮੇਸ਼ੁਰ ਦਾ ਭਵਨ ਹੋਣ ਲਈ ਇਕ ਸੰਗ ਬਣਾਏ ਜਾਂਦੇ ਹੋ'' (ਅਫ਼ਸੀਆਂ 2:21, 22)। ਪੌਲੁਸ ਨੇ ਕੁਰਿੰਥੁਸ ਦੇ ਮਸੀਹੀ ਲੋਕਾਂ ਨੂੰ ਇਹ ਵੀ ਦੱਸਿਆ, ''ਕੀ ਤੁਸੀਂ ਇਹ ਨਹੀਂ ਜਾਣਦੇ ਜੋ ਤੁਸੀਂ ਪਰਮੇਸ਼ੁਰ ਦੀ ਹੈਕਲ ਹੋ ਅਤੇ ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚ ਵੱਸਦਾ ਹੈ?'' (1 ਕੁਰਿੰਥੀਆਂ 3:16)।

ਸੁਰਗ ਵਾਂਗ ਖ਼ੁਦਾ ਧਰਤੀ ਤੇ ਵੀ ਵਾਸ ਕਰਦਾ ਹੈ। ਧਰਤੀ ਤੇ ਉਸਦੇ ਵਾਸ ਦਾ ਥਾਂ ਕਲੀਸੀਆ ਹੈ। ਉਹ ਰੂਹ ਰਾਹੀਂ ਆਪਣੇ ਪਰਿਵਾਰ ਦੇ ਨਾਲ ਅਤੇ ਉਨ੍ਹਾਂ ਵਿਚ ਰਹਿੰਦਾ ਹੈ। ਕਲੀਸੀਆ ਧਰਤੀ ਤੇ ਖ਼ੁਦਾ ਦਾ ਵਿਖਾਈ ਦੇਣ ਵਾਲਾ ਹਿੱਸਾ ਹੈ, ਖ਼ੁਦਾ ਆਪਣੀ ਆਤਮਿਕ ਯਾਨੀ ਕਲੀਸੀਆ ਦੇ ਦੁਆਰਾ ਹਰ ਰੋਜ਼ ਰਹਿੰਦਾ ਅਤੇ ਕੰਮ ਕਰਦਾ ਹੈ।

ਮੇਰਾ ਪਾਲਣ-ਪੋਸ਼ਣ ਸੋਨੋਰਾ ਫ਼ਿਰਕੇ ਵਿਚ ਆਰਕੈਂਸਾ ਵਿਚ ਸਪ੍ਰਿੰਗਡੇਲ ਤੋਂ ਸਾਢੇ ਛੇ ਮੀਲ ਦੂਰ ਇਕ ਫ਼ਾਰਮ ਹਾਊਸ ਵਿਚ ਹੋਇਆ ਸੀ। ਸਾਡੇ ਤੋਂ ਕੁਝ ਦੂਰ ਇਕ ਦਰਿਆ ਹੈ ਉਸ ਤੋਂ ਕੁਝ ਦੂਰ ਖੇਤ ਦੇ ਅੱਗੇ ਪੁਰਾਣਾ ਮਕਾਨ ਹੈ ਜੋ ਉਨ੍ਹਾਂ ਦਿਨਾਂ ਵਿਚ ਬਹੁਤਾ ਕਰਕੇ ਖਾਲੀ ਹੀ ਰਹਿੰਦਾ ਸੀ। ਇਸ ਘਰ ਵਿਚ ਬਜ਼ੁਰਗ ਮੀਆਂ-ਬੀਵੀ ਰਹਿੰਦੇ ਸਨ, ਜਿਨ੍ਹਾਂ ਵਿੱਚੋ ਇਕ ਵ੍ਹੀਲ ਚੇਅਰ ਤੇ ਹੀ ਰਹਿੰਦਾ ਸੀ। ਮੈਨੂੰ ਉਸ ਜੋੜੇ ਬਾਰੇ ਬਹੁਤਾ ਤਾਂ ਯਾਦ ਨਹੀਂ, ਕਿਉਂਕਿ ਜਦ ਉਹ ਉਸ ਘਰ ਵਿਚ ਰਹਿੰਦੇ ਸਨ, ਉਸ ਵਕਤ ਮੇਰੀ ਉਮਰ ਘੱਟ ਹੀ ਸੀ। ਉਸ ਜੋੜੇ ਦੀ ਮੌਤ ਦੇ ਕਈ ਸਾਲਾਂ ਬਾਅਦ ਉਸ ਘਰ ਦੇ ਡਿੱਗ ਜਾਣ ਤਕ ਉਹ ਖ਼ਾਲੀ ਹੀ ਰਿਹਾ ਸੀ। ਕੁਝ ਦੇਰ ਉਸ ਘਰ ਦੇ ਖਾਲੀ ਰਹਿਣ ਵੇਲੇ ਮੈਨੂੰ ਯਾਦ ਹੈ ਕਿ ਅਸੀਂ ਉੱਥੇ ਜਾਂਦੇ ਹੁੰਦੇ ਸਾਂ। ਉਸ ਜੋੜੇ ਦੀ ਮੌਤ ਦੇ ਬਾਅਦ ਉਹ ਘਰ ਉਸੇ ਤਰ੍ਹਾਂ ਦੀ ਸੀ ਅਰਥਾਤ ਉਹਦਾ ਫ਼ਰਨੀਚਰ ਭਾਂਡੇ, ਬਿਸਤਰੇ ਅਤੇ ਹੋਰ ਵਸਤਾਂ ਉੱਥੇ ਹੀ ਸਨ। ਇਸ ਕਾਰਣ ਮੈਨੂੰ ਉਸ ਘਰ ਵਿਚ ਚੱਲਦਿਆਂ ਡਰ ਲੱਗਣ ਲੱਗਾ ਸੀ। ਕੁਝ ਸਮਾਂ ਖ਼ਾਲੀ ਰਹਿਣ ਦੇ ਬਾਅਦ ਉਸ ਵਿਚ ਧੂੜ, ਸਿੱਲ੍ਹ ਅਤੇ ਬਦਬੂ ਆਉਣ ਲੱਗੀ ਸੀ। ਸਾਲਾਂ ਪਹਿਲਾਂ ਉਸ ਘਰ ਵਿਚ ਰਹਿਣ ਵਾਲੇ ਜੋੜੇ ਦੇ ਜ਼ਿੰਦਗੀ ਅਤੇ ਉਨ੍ਹਾ ਦੇ ਕੰਮਾਂ ਦੇ ਸ਼ਾਂਤ ਸੁਰ ਅਖ਼ਬਾਰਾਂ ਅਤੇ ਰਸਾਲਿਆਂ ਦੀਆਂ ਸੁਰਖ਼ੀਆਂ ਬਣੇ ਸਨ। ਉਸ ਪੁਰਾਣੇ ਘਰ ਵਿਚ ਇਧਰ-ਉਧਰ ਵੇਖਣ ਤੇ ਭੂਤ ਬੰਗਲਾ ਜਿਹਾ ਲੱਗਣ ਦਾ ਸਪੱਸ਼ਟ ਕਾਰਣ ਇਹ ਸੀ ਕਿ ਉਸ ਘਰ ਵਿਚ ਕੋਈ ਵੱਸਦਾ ਨਹੀਂ ਸੀ। ਇਹ ਇਕ ਖਾਲੀ, ਸੱਜਿਆ ਹੋਇਆ ਮਕਾਨ ਸੀ ਜਿਸ ਵਿਚ ਜ਼ਿੰਦਗੀ

ਨਹੀਂ ਸੀ। ਕੁਝ ਦੇਰ ਤਕ ਖ਼ਾਲੀ ਰਹਿਣ ਵਾਲੇ ਅਤੇ ਪ੍ਰੇਮ ਰਹਿਤ ਜ਼ਿੰਦਗੀ ਦੇ ਘਰਾਂ ਦੀ ਹਾਲਤ ਅਜਿਹੀ ਹੀ ਤਰਸਯੋਗ ਹੁੰਦੀ ਹੈ। ਉਹ ਆਮ ਤੌਰ ਤੇ ਧਰਤੀ ਤੇ ਧੱਬਾ ਬਣ ਜਾਂਦੇ ਹਨ।

ਜੇ ਉਸ ਪੁਰਾਣੇ ਘਰ ਵਾਂਗ ਕਲੀਸੀਆ ਵਿਚ ਕੋਈ ਨਾ ਰਹਿੰਦਾ ਹੋਵੇ ਤਾਂ ਉਹ ਉਸ ਮਕਾਨ ਵਾਂਗ ਬੇਕਾਰ ਹੋ ਜਾਵੇਗੀ ਪਰ ਸੱਚੀ ਕਲੀਸੀਆ ਗੁਜ਼ਰੇ ਸਮੇਂ ਦਾ ਯਾਦਗਾਰੀ ਨਿਸ਼ਾਨ ਨਹੀਂ ਹੈ ਜਿਸ ਵਿਚ ਜ਼ਿੰਦਗੀ ਦੀ ਊਰਜਾ ਨਾ ਹੋਵੇ ਸਗੋਂ ਉਸ ਵਿਚ ਤਾਂ ਖ਼ੁਦਾ ਦਾ ਆਤਮਾ ਨਿਵਾਸ ਕਰਦਾ ਹੈ। ਯਿਸੂ ਨੇ ਇਸ ਨੂੰ ਖ਼ੁਦਾ ਦੇ ਰਹਿਣ ਦਾ ਨਿਵਾਸ ਥਾਂ ਦੇ ਰੂਪ ਵਿਚ ਬਣਾਇਆ ਗਿਆ ਹੈ।

ਪੂਰੇ ਰੋਮੀ ਸਾਮਰਾਜ ਵਿਚ ਮੂਰਤੀਆਂ ਦੇ ਮੰਦਿਰ ਭਰੇ ਪਏ ਸਨ। ਅਫ਼ਸੁਸ ਵਿਚ ਏਸ਼ਿਆਈ ਦੇਵੀ ਡਾਇਨਾ ਜਾਂ ਅਰਤਸੁਸ ਦਾ ਬਹੁਤ ਸੋਹਣਾ ਮੰਦਿਰ ਸੀ। ਯਹੂਦੀ ਧਰਮ ਦੀ ਯਰੂਸ਼ਲਮ ਵਿਚ ਹੈਕਲ ਸੀ ਅਤੇ ਪੂਰੇ ਰੋਮੀ ਜਗਤ ਵਿਚ ਇਨ੍ਹਾਂ ਦੇ ਪੂਜਾ ਸਥਾਨ ਸਨ, ਜਿਸ ਇਸ ਦੇ ਮੈਂਬਰ ਖ਼ੁਦਾ ਵੱਲੋਂ ਮੂਸਾ ਦੀ ਸ਼ਰ੍ਹਾ ਨੂੰ ਖ਼ਤਮ ਕਰਨ ਦੇ ਬਾਅਦ ਉਸਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਦੁਨੀਆਂ ਦੇ ਮੰਦਿਰਾਂ ਵਿਚ ਸਭ ਤੋਂ ਸੋਹਣਾ ਅਤੇ ਵੱਡਾ ਮੰਦਿਰ ਤਾਂ ਖ਼ੁਦਾ ਦਾ ਹੀ ਹੈ। ਉਸਦਾ ਮੰਦਰ ਹੱਥਾਂ ਨਾਲ ਨਹੀਂ ਸਗੋਂ ਆਪੇ ਬਣਾਇਆ ਹੋਇਆ ਹੈ, ਇਹ ਉਸ ਉਸਤਤ ਅਤੇ ਤੇਜ ਨਾਲ ਚਮਕਦਾ ਹੈ ਜਿਸਦੀ ਤੁਲਨਾ ਮਨੁਖਾਂ ਦੇ ਬਣਾਏ ਹੋਏ ਕਿਸੇ ਮੰਦਿਰ ਨਾਲ ਨਹੀਂ ਕੀਤੀ ਜਾ ਸਕਦੀ ਹੈ, ਕਿਉਂਕਿ ਖ਼ੁਦਾ ਆਪ ਇਸ ਵਿਚ ਵਾਸ ਕਰਦਾ ਹੈ। ਰਸੂਲਾਂ ਤੇ ਨਬੀਆਂ ਦੀ ਖ਼ੁਦਾਈ ਨੀਂਹ ਤੇ, ਯਿਸੂ ਨੂੰ ਖੂੰਜੇ ਦਾ ਪੱਥਰ ਬਣਾ ਕੇ, ਖ਼ੁਦਾ ਹਰੇਕ ਜੀਉਂਦੇ ਪੱਥਰ ਭਾਵ ਨਵਾਂ ਜਨਮ ਲੈਣ ਵਾਲੇ ਹਰ ਮਸੀਹੀ ਨੂੰ ਦੂਸਰੇ ਪੱਥਰ ਤੇ ਰੱਖਦਾ ਹੈ। ਹਰ ਕਿਸੇ ਨੂੰ ਇਸ ਭਵਨ ਦੀ ਕੰਧ ਵਿਚ ਖ਼ੁਦਾ ਦੇ ਉਪਕਾਰ ਭਰੇ ਹੱਥਾਂ ਨਾਲ ਇਸ ਤਰ੍ਹਾਂ ਲਗਾਇਆ ਜਾਂਦਾ ਹੈ ਕਿ ਸਾਰੇ ਜੀਉਂਦੇ ਪੱਥਰ ਪੂਰੀ ਤਰ੍ਹਾਂ ਨਾਲ ਇਕ-ਦੂਜੇ ਨਾਲ ਜੁੜ ਜਾਂਦੇ ਹਨ। ਭਾਰਤ, ਅਫ਼ਰੀਕਾ, ਆਸਟ੍ਰੀਆ, ਅਮਰੀਕਾ, ਯੂਕਰੇਨ, ਰੂਸ ਅਤੇ ਸੰਸਾਰ ਦੇ ਹੋਰ ਸਾਰੇ ਹਿੱਸਿਆਂ ਵਿਚ ਜਦੋਂ ਲੋਕ ਮਸੀਹ ਵਿਚ ਤਬਦੀਲ ਹੁੰਦੇ ਹਨ ਤਾਂ ਖ਼ੁਦਾ ਦਿਨ-ਬ ਦਿਨ ਇਸ ਇਮਾਰਤ ਨੂੰ ਵਧਾਉਂਦਾ ਰਹਿੰਦਾ ਹੈ। ਫਿਰ ਇਸ ਰੂਹਾਨੀ, ਅਣਡਿੱਠੇ ਵਿਕਾਸ ਕਰਦੇ ਰਹਿਣ ਵਾਲੀ ਹੈਕਲ ਵਿਚ ਖ਼ੁਦਾ ਆਪਣੇ ਰੂਹ ਦੇ ਰਾਹੀਂ ਵਾਸ ਕਰਦਾ ਹੈ।

ਇਹ ਸਚਿਆਈ ਸਾਡੇ ਮਨਾਂ ਵਿਚ ਇਕ ਦਾ ਵੱਡੀ ਚੁਣੌਤੀ ਦੇ ਨਾਲ ਆਉਣੀ ਚਾਹੀਦੀ ਹੈ। ਅਸੀਂ ਸੰਸਾਰ ਵਿਚ ਖ਼ੁਦਾ ਦੀ ਹੈਕਲ ਹਾਂ। ਆਓ ਅਸੀਂ, ਬੁੱਧ ਅਤੇ ਪਵਿੱਤਰਤਾ, ਆਗਿਆਕਾਰਤਾ ਅਤੇ ਈਮਾਨ ਨਾਲ ਜ਼ਿੰਦਗੀ ਕੱਟੀਏ।

## ਸਾਰ

ਅਫ਼ਸੀਆਂ 2:19-22 ਵਿਚ ਪੌਲੁਸ ਦੁਆਰਾ ਇਕ ਮਹਾਨ ਅਤੇ ਜਲਾਲੀ ਸਚਿਆਈ ਦਾ ਐਲਾਨ ਕੀਤਾ ਗਿਆ ਹੈ ਕਿ ਕਲੀਸੀਆ ਖ਼ੁਦਾ ਦੀ ਰਚਨਾ ਹੈ। ਇਹ ਰਚਨਾ ਜਾਂ ਭਵਨ ''ਮਨੁੱਖਾਂ ਨਾਲ ਬਣਿਆ'' ''ਜੀਉਂਦਾ'' ਅਤੇ ''ਆਤਮਾ ਦਾ ਵਾਸ ਸਥਾਨ'' ਹੈ।

ਕਹਿੰਦੇ ਹਨ ਕਿ ਇਕ ਅਮੀਰ ਆਦਮੀ ਨੇ ਵਿਦੇਸ਼ ਵਿਚ ਰਹਿੰਦਿਆਂ ਅਪਣਾ ਮਕਾਨ ਬਣਾਉਣ ਲਈ ਇਕ ਠੇਕੇਦਾਰ ਨੂੰ ਠੇਕਾ ਦੇ ਦਿੱਤਾ। ਠੇਕੇਦਾਰ ਨੂੰ ਭਵਨ ਦੇ ਬਣਾਉਣ ਲਈ ਲੱਗਣ ਵਾਲੇ ਸਮਾਨ ਲਈ ਧਨ ਖਰਚਣ ਦੀ ਖੁੱਲ੍ਹ ਦੇ ਦਿੱਤੀ। ਨਿਰਮਾਣ ਦੇ ਕੰਮ ਦੀ ਸਾਰੀ ਜ਼ਿੰਮੇਵਾਰੀ ਉਸ ਨੂੰ ਦੇ ਦਿੱਤੀ। ਇਮਾਰਤ ਬਣਾਉਣ ਵੇਲੇ, ਠੇਕੇਦਾਰ ਨੇ ਮਜ਼ਬੂਤ, ਟਿਕਾਊ ਸਮਾਨ ਦੀ ਥਾਂ ਹਲਕਾ ਅਤੇ ਸਸਤਾ ਸਮਾਨ ਲਗਾ ਕੇ ਮਹਿੰਗੇ ਸਮਾਨ ਦੀ ਵਸੂਲੀ ਕਰ ਲਈ ਅਤੇ ਬਾਕੀ ਧਨ ਆਪਣੀ ਜੇਬ ਵਿਚ ਪਾ ਲਿਆ। ਉਸਨੇ ਆਪਣੀ ਇਸ ਹੇਰਾ ਫੇਰੀ ਨੂੰ ਇੱਟਾਂ ਅਤੇ ਗਾਰੇ, ਫ਼ਰਸ਼ ਅਤੇ ਕੰਧਾਂ ਤੇ ਸਜਾਵਟ ਤੇ ਪੇਂਟ ਕਰਕੇ ਛੁਪਾ ਦਿੱਤਾ। ਜਦੋਂ ਉਹਦਾ ਮਾਲਕ ਵਾਪਸ ਆਇਆ ਤਾਂ ਘਰ ਦਾ ਨਿਰਮਾਣ ਕੰਮ ਪੂਰਾ ਹੋ ਚੁਕਿਆ ਸੀ

ਅਤੇ ਮਕਾਨ ਰਿਹਾਇਸ਼ ਲਈ ਤਿਆਰ ਸੀ। ਬਾਹਰੋਂ ਵੇਖਣ ਤੇ ਲਗਦਾ ਸੀ ਕਿ ਮਕਾਨ ਮਾਲਿਕ ਦੀਆਂ ਯੋਜਨਾਵਾਂ ਅਨੁਸਾਰ ਬਣਾਇਆ ਗਿਆ ਹੈ, ਪਰ ਜੋ ਵਿਖਾਈ ਨਹੀਂ ਦਿੰਦਾ ਸੀ ਉਹ ਸਸਤੇ ਬੋਰਡ ਅਤੇ ਬੀਮ ਪਾਈਪ, ਨਾਲੀਆਂ, ਟਾਈਲਾਂ ਤੇ ਸੀਮਿੰਟ ਆਦਿ ਘਟੀਆ ਕਿਸਮ ਦਾ ਸੀ। ਉਹ ਠੇਕੇਦਾਰ ਕਿੰਨਾ ਹੈਰਾਨ ਅਤੇ ਨਿਰਾਸ਼ ਹੋਇਆ ਹੋਏਗਾ ਜਦ ਉਹਦੇ ਸੁਆਮੀ ਨੇ ਕੁੰਜੀ ਫੜਾਉਂਦਿਆਂ ਉਸਨੂੰ ਕਿਹਾ ਹੋਵੇਗਾ ''ਇਹ ਮਕਾਨ ਤੁਸੀਂ ਲੈ ਲਓ।'' ਕਿਉਂਕਿ ਠੇਕੇਦਾਰ ਨੇ ਮਾਲਕ ਨੂੰ ਧੋਖਾ ਦੇ ਕੇ ਅਸਲ ਵਿਚ ਆਪਣੇ ਆਪ ਨੂੰ ਧੋਖਾ ਦਿੱਤਾ ਸੀ।

ਸਾਨੂੰ ਮਕਾਨ ਬਣਾਉਣ ਦਾ ਹੁਕਮ ਨਹੀਂ ਦਿੱਤਾ ਗਿਆ, ਸਗੋਂ ਸਾਨੂੰ ਘਰ ਬਣਨ ਦਾ ਹੁਕਮ ਦਿੱਤਾ ਗਿਆ ਹੈ, ਅਸੀਂ ਕੋਈ ਐਸਾ ਵੈਸਾ ਮਕਾਨ ਨਹੀਂ ਸਗੋਂ ਖ਼ੁਦਾ ਦਾ ਭਵਨ ਬਣਨਾ ਹੈ। ਜੇ ਅਸੀਂ ਮਸੀਹ ਵਿਚ ਆਉਣ, ਜੀਉਂਦੇ ਪੱਥਰਾਂ ਦੇ ਰੂਪ ਵਿਚ ਖ਼ੁਦਾ ਦੇ ਭਵਨ ਦਾ ਹਿੱਸਾ ਬਣਨ ਵਿਚ ਨਾਕਾਮ ਹੁੰਦੇ ਹਾਂ ਤਾਂ ਅਸੀਂ ਮਨੁੱਖ ਨੂੰ ਦਿੱਤੇ ਗਏ ਖ਼ੁਦਾ ਦੇ ਸਭ ਤੋਂ ਵੱਡੇ ਖ਼ਾਸ ਅਧਿਕਾਰ ਤੋਂ ਆਪਣੇ ਆਪ ਨੂੰ ਧੋਖਾ ਦੇਂਦੇ ਹਾਂ, ਪਰ ਖ਼ੁਦਾ ਦੁਆਰਾ ਤਿਆਰ ਕੀਤੀ ਗਈ ਮਸੀਹੀ ਜ਼ਿੰਦਗੀ ਲਈ, ਨਿਕੰਮੇ ਤੇ ਅਧੂਰੇ ਜ਼ਿੰਦਗੀ ਨੂੰ ਬਦਲ ਕੇ ਖੁਦਾ ਦੇ ਨਿਵਾਸ ਸਥਾਨ ਦੇ ਰੂਪ ਵਿਚ ਜ਼ਿੰਦਗੀ ਨਾ ਗੁਜ਼ਾਰ ਕੇ ਖ਼ੁਦਾ ਦੇ ਪ੍ਰਤਿਨਿਧੀ ਦਾ ਕੰਮ ਕਰਨ ਦੇ ਮੌਕੇ ਨੂੰ ਗੁਆ ਕੇ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ।

ਅਸੀਂ ਖ਼ੁਦਾ ਲਈ ਸੁਲੇਮਾਨ ਵਰਗਾ ਭਵਨ ਨਹੀਂ ਬਣਾ ਸਕਦੇ, ਕਿਉਂਕਿ ਕਲੀਸੀਆ ਨੂੰ ਖ਼ੁਦਾ ਦੇ ਵਚਨ ਦੇ ਨਾਲ ਖ਼ੁਦਾ ਦੇ ਆਤਮਾ ਵੱਲੋਂ ਬਣਾਇਆ ਗਿਆ ਹੈ। ਪਰ ਅਸੀਂ ਇੰਜੀਲ ਅੱਗੇ ਸਮਰਪਣ ਕਰਕੇ ਅਤੇ ਆਪਣੇ ''ਜੀਉਂਦੇ ਪੱਥਰਾਂ'' ਯਾਨੀ ਆਪਣੀਆਂ ਜ਼ਿੰਦਗੀਆਂ ਨੂੰ ਹਰ ਰੋਜ਼ ਨਵੇਂ ਨੇਮ ਅਨੁਸਾਰ ਕਰਕੇ ਖ਼ੁਦਾ ਦਾ ਭਵਨ ਬਣ ਸਕਦੇ ਹਾਂ, ਜਿਸਦੇ ਖੂੰਜੇ ਦਾ ਪੱਥਰ ਮਸੀਹ ਹੈ।

ਕੀ ਤੁਸੀਂ ਖ਼ੁਦਾ ਦੇ ਭਵਨ ਵਿਚ ਪੱਥਰ ਵਾਂਗ ਲੱਗੇ ਹੋ?

---

ਟਿੱਪਣੀਆਂ

[1]ਸੇਵਾ ਲਈ ਤੀਹ ਹਜ਼ਾਰ ਭਰਤੀ ਕੀਤੇ ਗਏ ਸਨ, ਪਰ ਹਰ ਮਹੀਨੇ ਸਿਰਫ਼ ਦਸ ਹਜ਼ਾਰ ਜਣਿਆਂ ਨੂੰ ਹੀ ਵਰਤਿਆ ਜਾਂਦਾ ਸੀ। ਇਸ ਤਰ੍ਹਾਂ ਉਨ੍ਹਾਂ ਲਾਏ ਗਏ ਲੋਕਾਂ ਵਿੱਚੋਂ ਹਰ ਤਿੰਨ ਮਹੀਨਿਆਂ ਵਿੱਚੋਂ ਇਕ ਮਹੀਨਾ ਹੀ ਸੇਵਾ ਕਰਦੇ ਸਨ (1 ਰਾਜਿਆਂ 5:13)। [2]2 ਇਤਿਹਾਸ 2:18 ਕਨਾਨੀ ਅਧਿਕਾਰੀਆਂ ਦੀ ਗਿਣਤੀ 3,600 ਦੱਸਦਾ ਹੈ। 2 ਇਤਿਹਾਸ 8:10 ਇਸਰਾਏਲੀਆਂ ਅਧਿਕਾਰੀਆਂ ਦੀ ਗਿਣਤੀ 250 ਦੱਸਦਾ ਹੈ। ਇਸ ਤਰ੍ਹਾਂ ਨਿਗਰਾਨੀ ਕਰਨ ਵਾਲੇ ਅਧਿਕਾਰੀਆਂ ਦੀ ਗਿਣਤੀ 3,850 ਹੋ ਜਾਂਦੀ ਹੈ। 1 ਰਾਜਿਆਂ 5:16 ਛੋਟੇ ਅਧਿਕਾਰੀਆਂ ਦੀ ਗਿਣਤੀ 3,300 ਜਦਕਿ 1 ਰਾਜਿਆਂ 9:23 ਵੱਡੇ ਅਧਿਕਾਰੀਆਂ ਦੀ ਗਿਣਤੀ 550 ਦੱਸਦਾ ਹੈ। ਇਸ ਤਰ੍ਹਾਂ ਨਿਗਰਾਨ ਅਧਿਕਾਰੀਆਂ ਦੀ ਕੁੱਲ ਗਿਣਤੀ ਵੀ 3,850 ਤਕ ਪਹੁੰਚ ਜਾਂਦੀ ਹੈ। ਇਸ ਤਰ੍ਹਾਂ 2 ਇਤਿਹਾਸ ਅਤੇ 1 ਰਾਜਿਆਂ ਨਿਗਰਾਨ ਅਧਿਕਾਰੀਆਂ ਦੀ ਗਿਣਤੀ ਤਾਂ ਮਿਲਦੀ ਜੁਲਦੀ ਦੱਸਦੇ ਹਨ ਪਰ ਨਿਗਰਾਨ ਅਧਿਕਾਰੀਆਂ ਨੂੰ ਵੱਖੋ੯ਵੱਖ ਨਜ਼ਰੀਏ ਤੋਂ ਵੇਖਦੇ ਹਨ। [3]ਐੱਫ਼. ਐੱਫ਼. ਬਰੂਸ, *ਦਿ ਐਪਿਸਟਲ ਟੂ ਦ ਇਫ਼ੀਸ਼ੀਅੰਜ਼* (ਓਲਡ ਟੈੱਪਨ, ਨਿਊ ਜਰਸੀ: ਫਲੇਮਿੰਗ ਐੱਚ. ਰੇਵਲ ਕੰ., 1961), 58.

## ਅਧਿਐਨ ਅਤੇ ਚਰਚਾ ਲਈ ਸਵਾਲ

1. ਸੁਲੇਮਾਨ ਵੱਲੋਂ ਬਣਾਈ ਗਈ ਹੈਕਲ ਦਾ ਬਿਆਨ ਕਰੋ।
2. ਅਫ਼ਸੀਆਂ 2 ਅਧਿਆਇ ਦੀ ਵਰਤੋਂ ਕਰਦਿਆਂ ਹੋਇਆਂ, ਗ਼ੈਰ-ਮਸੀਹੀ ਅਤੇ ਮਸੀਹੀ ਵਿਚ ਫ਼ਰਕ ਦੇ ਭੇਤਾਂ ਦੀ ਤੁਲਨਾ ਤੇ ਚਰਚਾ ਕਰੋ।
3. ਪੌਲੁਸ ਅਫ਼ਸੀਆਂ 2:20, 21 ਵਿਚ ਕਲੀਸੀਆ ਦੀ ਏਕਤਾ ਦੇ ਕਿੰਨ੍ਹਾਂ ਤਿੰਨ ਰੂਪਕਾਂ ਨੂੰ ਦਰਸਾਉਂਦਾ ਹੈ?
4. ਚਰਚਾ ਕਰੋ ਕਿ ਅੱਜ ਖ਼ੁਦਾ ਦੀ ਹੈਕਲ ''ਮਨੁੱਖਾਂ ਨਾਲ ਬਣੀ'' ਇਮਾਰਤ ਕਿਵੇਂ ਹੈ।
5. ''ਜੀਉਂਦੇ ਪੱਥਰ'' ਕਿਸ ਨੂੰ ਆਖਿਆ ਗਿਆ ਹੈ, ਕਲੀਸੀਆ ਨੂੰ ਜਾਂ ਨਿੱਜੀ ਮਸੀਹੀਆਂ ਨੂੰ?
6. ਇੱਟ-ਪੱਥਰਾਂ ਦੇ ਬਣਾਏ ਭਵਨ ਵਿਖੇ ਨਵੇਂ ਨੇਮ ਵਿਚ ਕਿੰਨੀ ਜਾਣਕਾਰੀ ਦਿੱਤੀ ਗਈ ਹੈ?
7. ਖ਼ੁਦਾ ਲਈ ਸਾਡੀ ਬੰਦਗੀ ਅਤੇ ਸਾਡੀ ਸੇਵਾ ਵਿਚ ਪ੍ਰਾਰਥਨਾ ਭਵਨ ਦੀ ਭੂਮਿਕਾ ਤੇ ਚਰਚਾ ਕਰੋ।
8. ਕਲੀਸੀਆ ਭਾਵ ਚਰਚ ''ਜੀਉਂਦੀ'' ਇਮਾਰਤ ਕਿਵੇਂ ਹੈ?
9. ਵਿਸਤਾਰ ਨਾਲ ਦੱਸੋ ਕਿ ਕਲੀਸੀਆ ਦੀਆਂ ਕੰਧਾਂ ਅਤੇ ਨੀਂਹ ਤਾਂ ਹਨ ਪਰ ਛੱਤ ਨਹੀਂ।
10. ਉਨ੍ਹਾਂ ਤਰੀਕਿਆਂ ਦੀ ਸੂਚੀ ਬਣਾਓ ਜਿਨ੍ਹਾਂ ਨਾਲ ਕਲੀਸੀਆ ਵਧ ਸਕਦੀ ਹੈ।
11. ''ਆਤਮਾ ਦੇ ਵਾਸ'' ਵਾਕ ਅੰਸ਼ ਦਾ ਮਤਲਬ ਦੱਸੋ।
12. ਖ਼ੁਦਾ ਦੇ ਆਤਮਾ ਵੱਲੋਂ ਕੀਤੇ ਗਏ ਫ਼ਰਕ ਨੂੰ ਵਿਖਾਉਂਦੇ ਹੋਏ ਕਲੀਸੀਆ ਵਿਚ ਮੂਰਤੀਆਂ ਨਾਲ ਬਣੇ ਮੰਦਿਰ ਦਾ ਫ਼ਰਕ ਦੱਸੋ।
13. ਮਕਾਨ ਬਣਾਉਣਾ ਅਤੇ ਘਰ ਬਣਨ ਦੇ ਹੁਕਮ ਦੇ ਫ਼ਰਕ ਤੇ ਚਰਚਾ ਕਰੋ।